ਰਾਜ ਪੱਧਰੀ ਕੋਮੀ ਯੋਗਤਾ ਖੋਜ ਪ੍ਰੀਖਿਆ 2021-22, ਪੰਜਾਬ
ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸਦ,
**ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,**
ਫੋਨ ਨੰ: 0172-2212221 **(ਕੇਵਲ 10ਵੀਂ ਸ੍ਰੇਣੀ ਦੇ ਵਿਦਿਆਰਥੀਆਂ ਲਈ)**

---

ਐਸ.ਸੀ.ਈ.ਆਰ.ਟੀ.,ਪੰਜਾਬ, ਵੱਲੋਂ ਰਾਜ ਪੱਧਰ ਦੀ ਕੋਮੀ ਯੋਗਤਾ ਖੋਜ ਪ੍ਰੀਖਿਆ (NTSE, Stage-1) ਸਾਲ 2021-22 ਲਈ ਮਿਤੀ 16.01.2022 (ਐਤਵਾਰ) ਨੂੰ 10ਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ ਕੰਡਕਟ ਕੀਤੀ ਜਾਣੀ ਹੈ। ਇਸ ਪ੍ਰੀਖਿਆ ਵਿੱਚ ਪੰਜਾਬ ਰਾਜ ਵਿੱਚ ਸਥਿਤ ਸਰਕਾਰੀ ਸਕੂਲ, ਕੇਂਦਰੀ ਵਿਦਿਆਲੇ, ਨਵੋਦਿਆ ਵਿਦਿਆਲੇ ਜਾਂ ਕਿਸੇ ਪ੍ਰਕਾਰ ਦੇ ਮਾਨਤਾ ਪ੍ਰਾਪਤ ਸਕੂਲਾਂ ਵਿੱਚ 10ਵੀ ਜਮਾਤ ਵਿੱਚ ਪੜ੍ਹਦੇ ਉਹ ਵਿਦਿਆਰਥੀ ਬੈਠ ਸਕਦੇ ਹਨ, ਜਿਨ੍ਹਾਂ ਨੇ 9ਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ ਵਿੱਚ 55% ਅੰਕ (ਅਨੁਸੂਚਿਤ ਜਾਤੀ , ਅਨੁਸੂਚਿਤ ਕਬੀਲੇ ਅਤੇ ਸਰੀਰਕ ਰੂਪ ਤੋਂ ਵਿਕਲਾਂਗਾਂ ਲਈ) ਅਤੇ 70% ਅੰਕ(ਹੋਰ ਕੈਟਾਗਰੀਆਂ ਲਈ) ਪ੍ਰਾਪਤ ਕੀਤੇ ਹਨ।

**1. ਵਜ਼ੀਫਾ** - NCERT, ਨਵੀਂ ਦਿੱਲੀ ਵੱਲੋਂ ਲਈ ਜਾਣ ਵਾਲੀ ਸਟੇਜ-2 ਦੀ ਪ੍ਰੀਖਿਆ ਪਾਸ ਕਰਨ ਉਪਰੰਤ ਲਗਭਗ 2000 ਵਿਦਿਆਰਥੀਆਂ ਨੂੰ NCERT ਵੱਲੋਂ ਹੇਠ ਲਿਖੇ ਅਨੁਸਾਰ ਵਜੀਫਾ ਦਿੱਤਾ ਜਾਂਦਾ ਹੈ:-

ੳ) ਕਲਾਸ 11ਵੀਂ ਅਤੇ 12ਵੀਂ ਤੱਕ 1250 ਰੁਪਏ ਪ੍ਰਤੀ ਮਹੀਨਾ

ਅ) **ਗਰੈਜੂਏਸ਼ਨ** ਅਤੇ ਪੋਸਟ **ਗਰੈਜੂਏਸ਼ਨ** ਲਈ 2000 ਰੁਪਏ ਪ੍ਰਤੀ ਮਹੀਨਾ

ੲ) ਹੋਰ ਉੱਚ ਵਿਦਿਆ ਲਈ UGC ਦੇ ਨਾਰਮਜ਼ ਅਨੁਸਾਰ

**2. ਰਾਖਵਾਂਕਰਨ**:-ਕੇਂਦਰ ਸਰਕਾਰ ਦੀ ਰਾਖਵਾਂਕਰਨ ਨੀਤੀ ਅਨੁਸਾਰ 15% ਐਸ.ਸੀ., 7.5% ਐਸ.ਟੀ., 27% ਹੋਰ ਪੱਛੜੀਆਂ ਸ੍ਰੇਣੀਆਂ{OBC category (Non creamy layer ) as per Central list available on www.ncbe.nic.in/userpanel/centralliststateview.aspx) 10% Economically Weaker Sections (EWS) those who have not covered under the reservation scheme for SCs/STs/OBCs ਅਤੇ4% ਸੀਟਾਂ ਸਰੀਰਕ ਰੂਪ ਤੋਂ ਵਿਕਲਾਂਗ ਵਿਦਿਆਰਥੀਆਂ (4% for **Physically Challenged** Group of Students, with benchmark disabilities of which, one percent (1%) each shall be reserved for persons with benchmark disabilities under clauses (a), (b) and (c) and one per cent (1%) for persons with benchmark disabilities under clauses (d) and (e) namely:
(a) Blindness and low vision; (BLV)
(b) Deaf and hard of hearing; (DH)
(c) Locomotor disability including cerebral palsy, leprosy cured, dwarfism,.acid attack victims and muscular dystrophy; (LD)
(d) Autism, intellectual disability, specific learning disability and mental illness; (AID)
(e) Multiple disabilities from amongst persons under clauses (a) to (d) including deaf- blindness in the posts identified for each disabilities' (MD))ਲਈ ਰਾਖਵੀਆਂ ਰੱਖੀਆਂ ਗਈਆਂ ਹਨ।

ਐਸ.ਸੀ./ਐਸ.ਟੀ./ ਹੋਰ ਪੱਛੜੀਆਂ ਸ੍ਰੇਣੀਆਂ ਅਤੇ ਸਰੀਰਕ ਰੂਪ ਤੋਂ ਵਿਕਲਾਂਗ ਵਿਦਿਆਰਥੀ, ਸਬੰਧਤ ਅਧਿਕਾਰੀਆਂ ਤੋਂ ਜਾਰੀ ਹੋਏ ਸਰਟੀਫਿਕੇਟ ਦੀ ਸਕੈਨਡ ਕਾਪੀ ਫਾਰਮ ਨਾਲ ਨੱਥੀ ਕਰਨ। ਸਰੀਰਕ ਰੂਪ ਤੋਂ ਅਪਾਹਿਜ ਵਿਦਿਆਰਥੀਆਂ ਦੇ ਸਰਟੀਫਿਕੇਟ ਤੇ ਸਬੰਧਤ ਸਰਟੀਫਿਕੇਟ ਜਾਰੀ ਕਰਤਾ ਵੱਲੋਂ ਇਹ ਤਸਦੀਕ ਕੀਤਾ ਹੋਵੇ ਕਿ ਵਿਦਿਆਰਥੀ ਦੀ ਵਿਕਲਾਂਗਤਾ40% ਜਾਂ ਇਸ ਤੋਂ ਵੱਧ (P.W.D. Act 2016 ਤਹਿਤ ) ਹੈ।

**ਜਰੂਰੀ ਨੋਟ:** ਜਿਹੜੇ ਵਿਦਿਆਰਥੀ ਫਾਰਮ ਭਰਨ ਸਮੇਂ ਕੈਟਾਗਰੀ ਸਬੰਧੀ ਸਰਟੀਫਿਕੇਟ ਨਾਲ ਨੱਥੀ ਨਹੀਂ ਕਰਨਗੇ ਉਨ੍ਹਾਂ ਵਿਦਿਆਰਥੀਆਂ ਨੂੰ ਜਨਰਲ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ। ਜਿਹੜੇ ਵਿਦਿਆਰਥੀ ਕੇਵਲ ਐਨਕ ਪਹਿਨਦੇ ਹਨ ਅਤੇ ਉਨ੍ਹਾਂ ਕੋਲ 40% ਜਾਂ ਇਸ ਤੋਂ ਵੱਧ (P. W.D Act 2016 ਤਹਿਤ ) ਵਾਲਾ ਸਰਟੀਫਿਕੇਟ ਨਹੀਂ ਹੈ, ਉਨ੍ਹਾਂ ਨੂੰ low vision category ਵਿੱਚ ਨਹੀਂ ਵਿਚਾਰਿਆ ਜਾਵੇਗਾ।

**3.ਜਰੂਰੀ ਮਿਤੀਆਂ:-**

| ਸਟੇਜ | ਮਿਤੀ | ਸੰਭਾਵਿਤ ਮਿਤੀ |
|---|---|---|
| ਸਟੇਜ 1 (SCERT ਵੱਲੋਂ ਲਈ ਜਾਣ ਵਾਲੀ ਪ੍ਰੀਖਿਆ) (ਰਾਜ ਪੱਧਰੀ ਪ੍ਰੀਖਿਆ) | ਦਾਖਲਾ ਫਾਰਮ ਭਰਨ ਦੀ ਆਰੰਭਿਕ ਮਿਤੀ | 15-11-2021 |
| | ਦਾਖਲਾ ਫਾਰਮ ਭਰਨ ਦੀ ਅੰਤਿਮ ਮਿਤੀ | 30-11-2021 |
| | Admit Card ਡਾਊਨਲੋਡ ਕਰਨ ਦੀ ਮਿਤੀ | 01-01-2022 |
| | ਪ੍ਰੀਖਿਆ ਦੀ ਮਿਤੀ | 16-01-2022(ਐਤਵਾਰ) |

**4. ਪ੍ਰੀਖਿਆ** : ਐਨ.ਟੀ.ਐਸ.ਈ. (ਸਟੇਜ-1) ਦੀ ਮਿਤੀ 16-01-2022 ਨੂੰ ਹੋਣ ਵਾਲੀ ਲਿਖਤੀ ਪ੍ਰੀਖਿਆ ਵਿੱਚ ਬਹੁਵਿਕਲਪੀ (ਮਲਟੀਪਲ ਚੁਆਇਸ) ਵਾਲੇ 200 ਪ੍ਰਸਨ ਹੋਣਗੇ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ।ਮਾਨਸਿਕ ਯੋਗਤਾ ਦੇ 100 ਪ੍ਰਸ਼ਨ ਅਤੇ ਵਿਸ਼ਿਆਂ ਦੀ ਯੋਗਤਾ ਦੇ 100 ਪ੍ਰਸ਼ਨ ਹੋਣਗੇ। ਵਿਸਿਆਂ ਦੀ ਯੋਗਤਾ ਟੈਸਟ ਵਿੱਚ ਹੇਠ ਲਿਖੇ 8 ਵਿਸ਼ੇ ਹੋਣਗੇ:-

1) ਭੌਤਿਕ ਵਿਗਿਆਨ (13 ਪ੍ਰਸ਼ਨ )
2) ਰਸਾਇਣ ਵਿਗਿਆਨ (13 ਪ੍ਰਸ਼ਨ)
3) ਜੀਵ ਵਿਗਿਆਨ (14 ਪ੍ਰਸ਼ਨ)
4) ਗਣਿਤ (20 ਪ੍ਰਸ਼ਨ)
5) ਇਤਿਹਾਸ (11 ਪ੍ਰਸ਼ਨ)
6) ਭੂਗੋਲ (11 ਪ੍ਰਸ਼ਨ )
7) ਨਾਗਰਿਕ ਸਾਸਤਰ (10 ਪ੍ਰਸ਼ਨ)
8) ਅਰਥ ਸਾਸਤਰ (8 ਪ੍ਰਸ਼ਨ)

5. **ਪ੍ਰੀਖਿਆ ਦਾ ਸਮਾਂ** : ਇਹ ਪ੍ਰੀਖਿਆ ਸਵੇਰੇ 10 ਵਜੇ ਤੋਂ ਦੁਪਹਿਰ 1.30 ਵਜੇ ਤੱਕ ਹੋਵੇਗੀ।

6. **ਪ੍ਰੀਖਿਆ ਦਾ ਮਾਧਿਅਮ:** ਪ੍ਰੀਖਿਆ ਦਾ ਮਾਧਿਅਮ ਅੰਗ੍ਰੇਜ਼ੀ ਅਤੇ ਪੰਜਾਬੀ ਹੋਵੇਗਾ।

7. ਸਿਲੇਬਸ: NTSE ਸਟੇਜ 1 ਦੀ ਪ੍ਰੀਖਿਆ ਦਾ ਕੋਈ ਨਿਰਧਾਰਿਤ **ਸਿਲੇਬਸ** ਨਹੀਂ ਹੈ ਪ੍ਰੰਤੂ ਪ੍ਰਸ਼ਨਾਂ ਦਾ ਪੱਧਰ 9ਵੀਂ ਅਤੇ 10ਵੀਂ ਜਮਾਤ ਦਾ ਹੋਵੇਗਾ।

**8.** ਪਾਸ ਅੰਕ :- SC, ST and PH ਵਿਦਿਆਰਥੀਆਂ ਲਈ ਮਾਨਸਿਕ ਯੋਗਤਾ ਅਤੇ ਵਿਸ਼ਿਆਂ ਦੀ ਯੋਗਤਾ ਵਿੱਚ ਅਲਗ-ਅਲਗ 32% ਅੰਕ ਅਤੇ ਹੋਰ ਕੈਟਾਗਰੀਆਂ ਲਈ ਮਾਨਸਿਕ ਯੋਗਤਾ ਅਤੇ ਵਿਸ਼ਿਆਂ ਦੀ ਯੋਗਤਾ ਵਿੱਚ ਅਲਗ-ਅਲਗ 40 % ਅੰਕ ਪਾਸ ਹੋਣ ਲਈ ਲੋੜੀਦੇ ਹਨ।

**9.** ਦਾਖਲਾ ਫਾਰਮ:ਵਿਦਿਆਰਥੀਆਂ ਦੇ ਦਾਖਲਾ ਫਾਰਮ ਸਕੂਲਾਂ ਵੱਲੋਂ ਸਿੱਖਿਆ ਵਿਭਾਗ ਦੇ ਪੋਰਟਲ **www.epunjabschool.gov.in** ਤੇ ਸਕੂਲ Login id ਅਧੀਨ 15-11-2021 ਤੋਂ 30-11-2021 ਤੱਕ ਭਰੇ ਜਾ ਸਕਦੇ ਹਨ।ਪ੍ਰੀਖਿਆਰਥੀਆਂ ਦੇ ਐਡਮਿਟ ਕਾਰਡ ਸਕੂਲਾਂ ਵੱਲੋਂ ਮਿਤੀ 01.01.2022 ਤੋਂ ਡਾਉਨਲੋਡ ਕੀਤੇ ਜਾ ਸਕਦੇ ਹਨ।

ਨੋਟ:- 1. NTSE ਸਟੇਜ-1 ਦੀ ਪ੍ਰੀਖਿਆ ਵਿੱਚ ਕੋਈ negative marking ਨਹੀਂ ਹੈ।

2. ਐਸ.ਸੀ.ਈ.ਆਰ.ਟੀ.ਪੰਜਾਬ ਵੱਲੋਂ ਸਟੇਜ 1 ਦੀ ਪ੍ਰੀਖਿਆ ਲਈ ਕੋਈ ਫੀਸ ਨਹੀਂ ਲਈ ਜਾਂਦੀ ਹੈ।

3. ਦਾਖਲਾ ਫਾਰਮ/ਐਡਮਿਟ ਕਾਰਡ ਭਰਨ ਸਮੇਂ ਵਿਦਿਆਰਥੀ ਦੀ ਜਾਤੀ ਜੋ ਸਕੂਲ ਮੁੱਖੀ ਵੱਲੋਂ ਤਸਦੀਕ ਕੀਤੀ ਜਾਵੇਗੀ ਉਸ ਨੂੰ ਹੀ ਸਹੀ ਮੰਨਿਆ ਜਾਵੇਗਾ।

4. ਐਸ.ਸੀ.ਈ.ਆਰ.ਟੀ.ਵੱਲੋਂ ਲੋੜ ਅਨੁਸਾਰ ਅੰਕੜੇ ਅਤੇ ਮਿਤੀਆਂ ਵਿੱਚ ਬਦਲਾਵ ਕੀਤਾ ਜਾ ਸਕਦਾ ਹੈ।

5. ਉਪਰੋਕਤ ਵਿੱਚ ਜੇਕਰ ਕੋਈ ਬਦਲਾਅ ਆਉਂਦਾ ਹੈ ਤਾਂ ਉਸ ਸਬੰਧੀ ਸੂਚਨਾ, ਕੇਵਲ ਸਿੱਖਿਆ ਵਿਭਾਗ ਦੀ ਵੈਬ ਸਾਇਟ www.epunjabschool.gov.in ਤੇ ਅੱਪ ਲੋਡ ਕੀਤੀ ਜਾਵੇਗੀ। ਵਿਦਿਆਰਥੀਆਂ ਨੂੰ ਸੁਝਾਅ ਹੈ ਕਿ ਉਹ ਸਮੇਂ ਸਮੇਂ ਤੇ ਵੈਬ ਸਾਇਟ ਚੈੱਕ ਕਰਦੇ ਰਹਿਣ।

15/11/2021

**ਸਹਾਇਕ ਡਾਇਰੈਕਟਰ,**

**ਐਸ. ਸੀ. ਈ. ਆਰ. ਟੀ,ਪੰਜਾਬ।**